# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ)

ਮੀਮੋ ਨੰ.: ਐਸ.ਐਸ.ਏ/ਐਮਸੀ/2010/59102-59132
ਮਿਤੀ, ਚੰਡੀਗੜ੍ਹ 17-09-2010

**ਵਿਸ਼ਾ:- ਜ਼ਿਲ੍ਹਾ ਕੁਇਜ਼ ਕੰਪੀਟੀਸ਼ਨ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਸਭ ਨੂੰ ਪਤਾ ਹੀ ਹੈ ਕਿ ਮੈਥ ਅਤੇ ਸਾਇੰਸ ਦਾ ਪੱਧਰ ਉੱਚਾ ਚੁੱਕਣ ਲਈ ਸਕੂਲ ਸਿੱਖਿਆ ਵਿਭਾਗ, ਪੰਜਾਬ ਅਧੀਨ ਕਈ ਉਪਰਾਲੇ ਕੀਤੇ ਜਾ ਰਹੇ ਹਨ। ਇਹਨਾਂ ਉਪਰਾਲਿਆਂ ਦੀ ਲਗਾਤਾਰਤਾ ਵਿੱਚ ਰਾਜ ਦੇ ਸਮੂਹ ਸਰਕਾਰੀ ਅੱਪਰ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਲਈ ਕੁਇਜ਼ ਕੰਪੀਟੀਸ਼ਨ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਇਹ ਕੁਇਜ਼ ਕੰਪੀਟੀਸ਼ਨ ਬਲਾਕ ਅਤੇ ਜਿਲ੍ਹੇ ਪੱਧਰ ਤੇ ਹੇਠ ਲਿਖੀਆਂ ਮਿਤੀਆਂ ਨੂੰ ਕਰਵਾਏ ਜਾਣਗੇ।

| ਲੜੀ ਨੰ: | ਜ਼ਿਲ੍ਹਾ ਅਤੇ ਬਲਾਕ ਪੱਧਰ | ਮਿਤੀ | ਸਮਾਂ |
|---|---|---|---|
| 1 | ਬਲਾਕ ਪੱਧਰ | 18.11.10 | ਸਵੇਰੇ 10:00 ਤੋਂ 12.00 ਤੱਕ |
| 2 | ਜਿਲ੍ਹਾ ਪੱਧਰ | 29.11.10 | ਸਵੇਰੇ 10:00 ਤੋਂ 12.00 ਤੱਕ |
| 3 | ਰਾਜ ਪੱਧਰ | 06.01.11 | ਸਵੇਰੇ 10:00 ਤੋਂ 12.00 ਤੱਕ |

2.1 ਜ਼ਿਲ੍ਹੇ ਅਤੇ ਬਲਾਕ ਪੱਧਰ ਤੇ ਹੋਣ ਵਾਲੇ ਕੁਇਜ਼ ਕੰਪੀਟੀਸ਼ਨ ਦਾ ਸਾਰਾ ਪ੍ਰਬੰਧ ਅਤੇ ਪ੍ਰਸ਼ਨ ਪੱਤਰਾਂ ਦੀ ਤਿਆਰੀ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਦੀ ਨਿਗਰਾਨੀ ਹੇਠ ਜਿਲ੍ਹੇ ਦੇ ਸਾਇੰਸ ਸੁਪਰਵਾਈਜਰ ਤੇ ਉਸਦੀ ਟੀਮ ਵੱਲੋਂ ਕੀਤੀ ਜਾਵੇਗੀ। ਇਹ ਪ੍ਰਸ਼ਨ ਪੱਤਰ ਸਮੂਹ ਬਲਾਕਾਂ ਲਈ ਸਾਂਝਾ ਹੋਵੇਗਾ। ਜ਼ਿਲ੍ਹਾ ਪੱਧਰੀ ਪ੍ਰਸ਼ਨ ਪੱਤਰ ਦਾ ਮਿਆਰ ਬਲਾਕ ਪੱਧਰੀ ਪ੍ਰਸ਼ਨ ਪੱਤਰ ਨਾਲੋਂ ਉਚਾ ਹੋਵੇਗਾ।

2.2 ਇਸ ਕੰਪੀਟੀਸ਼ਨ ਲਈ ਜਮਾਤ ਛੇਵੀਂ ਤੋਂ ਅੱਠਵੀਂ ਤੱਕ ਦੇ ਤਿੰਨ ਵਿਦਿਆਰਥੀਆਂ ਦਾ ਨਾਮ ਹਰ ਸਕੂਲ ਮੁੱਖੀ ਵੱਲੋਂ ਲਿਖਤੀ ਤੌਰ ਦੇ ਲਿਆ ਜਾਵੇਗਾ।

2.3 ਹਰੇਕ ਸਕੂਲ ਵਿਚੋਂ ਇੱਕ ਟੀਮ ਭਾਗ ਲਏਗੀ।

2.4 ਜੇਕਰ ਕੋਈ ਐਲੀਮੈਂਟਰੀ ਸਕੂਲ / ਮਿਡਲ ਸਕੂਲ ਕਿਸੇ ਹਾਈ / ਸੀਨੀਅਰ ਸੈਕੰਡਰੀ ਸਕੂਲ ਨਾਲ ਜੁੜਿਆ ਹੈ ਤਾਂ ਉਹ ਸਕੂਲ ਆਪਣੀ ਵੱਖਰੀ ਟੀਮ ਲੈ ਕੇ ਆਏਗਾ।

2.5 ਪ੍ਰਸ਼ਨ ਓਬਜੈਕਟਿਵ ਟਾਈਪ ਹੋਣਗੇ ਜਿਸਦੇ ਉਤਰ ਇੱਕ ਸ਼ਬਦੀ ਹੋਣਗੇ।

2.6 ਪ੍ਰਸ਼ਨ ਮੈਥ ਅਤੇ ਸਾਇੰਸ ਦੀ ਛੇਵੀਂ, ਸੱਤਵੀਂ ਅਤੇ ਅੱਠਵੀਂ ਜਮਾਤ ਦੇ ਸਿਲੇਬਸ ਵਿੱਚੋ ਆਉਣਗੇ ਜੋ ਕਿ ਸਤੰਬਰ 2010 ਤੱਕ ਪੂਰਾ ਕੀਤਾ ਹੋਵੇਗਾ।

2.7 ਇਸ ਕੰਪੀਟੀਸ਼ਨ ਵਿੱਚ ਦੋ ਪੜਾਅ ਮੈਥ ਦੇ ਅਤੇ ਦੋ ਪੜਾਅ ਸਾਇੰਸ ਦੇ ਹੋਣਗੇ।

2.8 ਲੋੜ ਅਨੁਸਾਰ ਇਹ ਪੜਾਅ ਵਧਾਏ ਵੀ ਜਾ ਸਕਦੇ ਹਨ।

2.9 ਹਰੇਕ ਪ੍ਰਸ਼ਨ "2" ਅੰਕਾਂ ਦਾ ਹੋਵੇਗਾ। ਟੀਮ ਦਾ ਉਤਰ ਸਹੀ ਹੋਣ ਤਾਂ ਟੀਕ ਨੂੰ "2" ਅੰਕ ਮਿਲਣਗੇ।

2.10 ਹਰ ਪ੍ਰਸ਼ਨ ਦਾ ਉਤਰ ਦੇਣ ਲਈ 20 ਸੈਕਿੰਡ ਦਿੱਤੇ ਜਾਣਗੇ।

2.11 ਜੇਕਰ ਟੀਮ ਉਤਰ ਨਾ ਦੇ ਸਕੇ ਜਾਂ ਗਲਤ ਉਤਰ ਹੋਵੇ ਤਾਂ ਪ੍ਰਸ਼ਨ ਅਗਲੀ ਟੀਮ ਨੂੰ ਪਾਸ ਕਰ ਦਿੱਤਾ ਜਾਵੇਗਾ।

2.12 ਜੋ ਟੀਮ ਅਜਿਹੇ ਪਾਸ ਕੀਤੇ ਪ੍ਰਸ਼ਨ ਦਾ ਸਹੀ ਉਤਰ ਦੇਵੇਗੀ ਉਸਨੂੰ "1" ਅੰਕ ਪ੍ਰਾਪਤ ਹੋਵੇਗਾ।

2.13 ਬਲਾਕ ਪੱਧਰ ਤੇ ਜੇਤੂ ਟੀਮ ਨੂੰ ਇਨਾਮ ਦਿੱਤਾ ਜਾਏਗਾ। ਕੇਵਲ ਇੱਕ ਹੀ ਟੀਮ ਜੇਤੂ ਕਰਾਰ ਕੀਤੀ ਜਾਏਗੀ।

2.14 ਬਲਾਕ ਪੱਧਰ ਤੇ ਪ੍ਰਥਮ ਆਉਣ ਵਾਲੀ ਟੀਮ ਅੱਗੇ ਜ਼ਿਲ੍ਹਾ ਪੱਧਰ ਤੇ ਕੰਪੀਟੀਸ਼ਨ ਵਿੱਚ ਭਾਗ ਲਵੇਗੀ।

2.15 ਜਿਲ੍ਹਾ ਪੱਧਰ ਤੇ ਪ੍ਰਥਮ ਆਉਣ ਵਾਲੀ ਟੀਮ ਅੱਗੇ ਰਾਜ ਪੱਧਰ ਤੇ ਕੰਪੀਟੀਸ਼ਨ ਵਿੱਚ ਭਾਗ ਲਵੇਗੀ।

2.16 ਰਾਜ ਪੱਧਰੀ ਕੰਪੀਟੀਸ਼ਨ ਸਟੇਟ ਪ੍ਰਾਜੈਕਟ ਡਾਇਰੈਕਟਰ ਦੀ ਦੇਖ-ਰੇਖ ਹੇਠ ਕਰਵਾਇਆ ਜਾਵੇਗਾ।ਇਸ ਲਈ ਪ੍ਰਸ਼ਨ ਪੱਤਰ ਹੈਡ-ਆਫਿਸ ਤੇ ਹੀ ਤਿਆਰ ਕੀਤਾ ਜਾਵੇਗਾ।

3.0 ਕੁਇਜ਼ ਕੰਪੀਟੀਸ਼ਨ ਲਈ ਵੱਖ-ਵੱਖ ਪੱਧਰ ਤੇ ਜੇਤੂਆਂ ਲਈ ਐਵਾਰਡ ਦੀ ਰਾਸ਼ੀ ਹੇਠ ਲਿਖੇ ਅਨੁਸਾਰ ਹੈ।

| | ਪਹਿਲਾ ਸਥਾਨ | ਦੂਜਾ ਸਥਾਨ | ਤੀਜਾ ਸਥਾਨ |
|---|---|---|---|
| ਬਲਾਕ ਪੱਧਰ | 800/- | 600/- | 400/- |
| ਜ਼ਿਲ੍ਹਾ ਪੱਧਰ | 1000/- | 800/- | 600/- |
| ਰਾਜ ਪੱਧਰ | 5100/- | 3100/- | 2100/- |

3.1 ਐਵਾਰਡ ਲਈ ਖਰਚਾ ਸਰਵ ਸਿੱਖਿਆ ਅਭਿਆਨ ਅਧੀਨ ਦਿੱਤੀ ਗਈ LEP ਗਰਾਂਟ ਵਿੱਚੋ ਕੀਤਾ ਜਾਵੇਗਾ।

4.0 ਸਪੱਸ਼ਟ ਕੀਤਾ ਜਾਂਦਾ ਹੈ ਕਿ LEP ਗਰਾਂਟ 50,000/- ਪ੍ਰਤੀ ਜ਼ਿਲ੍ਹਾ ਛੇਤੀ ਹੀ ਸਮੂਹ ਜ਼ਿਲ੍ਹਾ ਸਿੱਖਿਆ ਅਫਸ਼ਰ (ਐ.ਸਿ.) ਨੂੰ ਰਿਲੀਜ ਕੀਤੀ ਜਾ ਰਹੀ ਹੈ। ਜ਼ਿਲ੍ਹਾ ਸਿੱਖਿਆ ਅਫਸ਼ਰ (ਸੈ.ਸਿ) ਦੀ ਮੰਗ ਅਨੁਸਾਰ ਲੋੜੀਂਦੇ ਫੰਡਜ਼ ਜ਼ਿਲ੍ਹਾ ਸਿੱਖਿਆ ਅਫਸ਼ਰ (ਐ.ਸਿ) ਵੱਲੋਂ ਮੁਹੱਈਆ ਕੀਤੇ ਜਾਣਗੇ।

5.0 ਉਪਰੋਕਤ ਦਰਸਾਈਆਂ ਗਾਈਡ ਲਾਈਨਜ਼ ਅਨੁਸਾਰ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ
ਪੰਜਾਬ, ਚੰਡੀਗੜ੍ਹ

ਪਿਠ ਅੰਕਣ ਨੰ.: ਮਿਤੀ

ਉਤਾਰਾ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜਰ ਨੂੰ ਸੂਚਨਾ ਹਿੱਤ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ
ਪੰਜਾਬ, ਚੰਡੀਗੜ੍ਹ